Government of Western Australia
Department of Mines, Industry Regulation and Safety

wageline
1300 655 266



ਇਹ ਦਸਤਾਵੇਜ਼ (www.dmirs.wa.gov.au/underpaymentcomplaints) ਵੈੱਬਸਾਈਟ ਦੇ ਪੇਜ 'ਵੇਤਨ ਜਾਂ ਰੁਜ਼ਗਾਰ ਹੱਕਦਾਰੀਆਂ ਦੇ ਘੱਟ ਭੁਗਤਾਨ ਬਾਰੇ ਸ਼ਿਕਾਇਤ ਕਰਨਾ' ਬਾਰੇ ਜਾਣਕਾਰੀ ਨੂੰ ਦੁਬਾਰਾ ਪੇਸ਼ ਕਰਦਾ ਹੈ।

# ਵੇਤਨ ਜਾਂ ਰੁਜ਼ਗਾਰ ਹੱਕਦਾਰੀਆਂ ਦੇ ਘੱਟ ਭੁਗਤਾਨ ਬਾਰੇ ਸ਼ਿਕਾਇਤ ਕਰਨਾ

*ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਇੰਡਸਟਰੀਅਲ ਇੰਸਪੈਕਟਰਾਂ ਨੂੰ ਘੱਟ ਭੁਗਤਾਨ ਕੀਤੇ ਜਾਣ ਬਾਰੇ ਸ਼ਿਕਾਇਤ ਕਰੋ*

ਇਹ ਪੰਨਾ ਉਹਨਾਂ ਕਰਮਚਾਰੀਆਂ ਲਈ ਹੈ ਜੋ ਮੰਨਦੇ ਹਨ ਕਿ ਉਹਨਾਂ ਨੂੰ ਰਾਜ ਦੇ ਰੋਜ਼ਗਾਰ ਕਾਨੂੰਨਾਂ ਦੇ ਮੁਤਾਬਕ ਘੱਟ ਤਨਖ਼ਾਹ ਜਾਂ ਛੁੱਟੀ ਹੱਕਦਾਰੀਆਂ ਦਿੱਤੀ ਗਈਆਂ ਹਨ।

ਇਹ ਜਾਣਕਾਰੀ ਢੁੱਕਵੀਂ ਹੈ:

- ਉਹਨਾਂ ਕਰਮਚਾਰੀਆਂ ਲਈ ਜੋ ਰਾਜ ਦੀ ਉਦਯੋਗਿਕ ਸੰਬੰਧ ਪ੍ਰਣਾਲੀ (www.dmirs.wa.gov.au/irsystemguide) ਅਧੀਨ ਆਉਂਦੇ ਹਨ ਜਿਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਦੇ ਸੰਬੰਧ ਵਿੱਚ ਘੱਟ ਅਦਾਇਗੀਆਂ ਕੀਤੇ ਜਾਣ ਦੇ ਸੰਬੰਧ ਵਿੱਚ ਮੱਦਦ ਦੀ ਲੋੜ ਹੈ:
    - WA ਤਨਖ਼ਾਹ ਪੁਰਸਕਾਰ ਦੀਆਂ ਦਰਾਂ ਅਤੇ ਛੁੱਟੀ ਦੀਆਂ ਹੱਕਦਾਰੀਆਂ;
    - *ਰੁਜ਼ਗਾਰ ਦੀਆਂ ਘੱਟੋ-ਘੱਟ ਸ਼ਰਤਾਂ ਦੇ ਕਾਨੂੰਨ (Minimum Conditions of Employment Act)* ਅਧੀਨ ਘੱਟੋ-ਘੱਟ ਤਨਖ਼ਾਹ ਦਰਾਂ ਅਤੇ ਛੁੱਟੀ ਦੀਆਂ ਹੱਕਦਾਰੀਆਂ; ਅਤੇ
- ਉਹਨਾਂ ਕਰਮਚਾਰੀਆਂ ਲਈ ਜੋ ਦੋਨਾਂ ਰਾਜ ਅਤੇ ਰਾਸ਼ਟਰੀ ਉਦਯੋਗਿਕ ਸੰਬੰਧ ਪ੍ਰਣਾਲੀਆਂ ਅਧੀਨ ਆਉਂਦੇ ਹਨ ਜਿਨ੍ਹਾਂ ਨੂੰ *ਰਾਜ ਦੀ ਲੰਬੀ ਸੇਵਾ-ਕਾਲ ਛੁੱਟੀ ਐਕਟ (Long Service Leave Act)* (www.dmirs.wa.gov.au/longserviceleave ) ਦੇ ਤਹਿਤ ਇੱਕ ਲੰਬੀ ਸੇਵਾ-ਕਾਲ ਛੁੱਟੀ ਦੀ ਹੱਕਦਾਰੀ ਦੇ ਘੱਟ ਕੀਤੇ ਗਏ ਭੁਗਤਾਨ ਵਿੱਚ ਮੱਦਦ ਦੀ ਲੋੜ ਹੈ।

ਖਾਣਾਂ, ਉਦਯੋਗ ਨਿਯਮ ਅਤੇ ਸੁਰੱਖਿਆ ਵਿਭਾਗ (Department of Mines, Industry Regulation and Safety) ਦੀ ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨ ਡਿਵੀਜ਼ਨ ਇਹਨਾਂ ਹੱਕਦਾਰੀਆਂ ਦੇ ਕਥਿਤ ਘੱਟ ਭੁਗਤਾਨਾਂ ਦੀ ਜਾਂਚ ਕਰਨ ਦੇ ਯੋਗ ਹੈ।

ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਸ ਨੂੰ ਘੱਟ ਭੁਗਤਾਨ ਦੀ ਸ਼ਿਕਾਇਤ ਕਰਨ ਲਈ ਕਰਮਚਾਰੀ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰ ਸਕਦੇ ਹਨ।

ਇਸ ਪੰਨੇ 'ਤੇ ਦਿੱਤੀ ਜਾਣਕਾਰੀ ਢੁੱਕਵੀਂ ਨਹੀਂ ਹੈ:

- ਉਹਨਾਂ ਕਰਮਚਾਰੀਆਂ ਲਈ ਜੋ ਰਾਸ਼ਟਰੀ ਉਦਯੋਗਿਕ ਸੰਬੰਧ ਪ੍ਰਣਾਲੀ ਅਧੀਨ ਆਉਂਦੇ ਹਨ ਜਿਨ੍ਹਾਂ ਨੂੰ ਤਨਖ਼ਾਹ ਦੀਆਂ ਦਰਾਂ ਦੇ ਘੱਟ ਭੁਗਤਾਨ, ਸਾਲਾਨਾ ਛੁੱਟੀ ਜਾਂ ਰੁਜ਼ਗਾਰ ਦੀਆਂ ਹੋਰ ਹੱਕਦਾਰੀਆਂ ਦੇ ਘੱਟ ਭੁਗਤਾਨ ਲਈ ਮੱਦਦ ਦੀ ਲੋੜ ਹੁੰਦੀ ਹੈ। ਇਹਨਾਂ ਕਰਮਚਾਰੀਆਂ ਨੂੰ ਫੇਅਰ ਵਰਕ ਓਮਬਡਸਮੈਨ (Fair Work Ombudsman) (www.fairwork.gov.au) ਤੋਂ ਸਹਾਇਤਾ ਲੈਣੀ ਚਾਹੀਦੀ ਹੈ।
- ਉਹਨਾਂ ਕਰਮਚਾਰੀਆਂ ਲਈ ਜੋ ਰੁਜ਼ਗਾਰ ਇਕਰਾਰਨਾਮੇ ਦੇ ਤਹਿਤ ਪੁਰਸਕਾਰ ਜਾਂ ਘੱਟੋ-ਘੱਟ ਤਨਖ਼ਾਹ ਦਰਾਂ ਤੋਂ ਵੱਧ ਤਨਖ਼ਾਹ ਦਰਾਂ ਜਾਂ ਹੋਰ ਲਾਭਾਂ ਲਈ ਦਾਅਵਾ ਕਰਨ ਦੀ ਮੰਗ ਕਰ ਰਹੇ ਹਨ ਜੋ ਉਹਨਾਂ ਦੇ ਰੁਜ਼ਗਾਰਦਾਤਾ ਦੁਆਰਾ ਉਹਨਾਂ ਨੂੰ ਮਨ੍ਹਾ ਕਰ ਦਿੱਤਾ ਗਿਆ ਹੈ। ਇਹ ਕਰਮਚਾਰੀ ਵੈਸਟਰਨ ਆਸਟ੍ਰੇਲੀਅਨ ਉਦਯੋਗਿਕ ਸੰਬੰਧ ਕਮਿਸ਼ਨ ਕੋਲ ਇਕਰਾਰਨਾਮੇ ਸੰਬੰਧੀ ਲਾਭਾਂ (Contractual Benefits Claim) ਦਾ ਦਾਅਵਾ ਕਰਨ ਦੇ ਯੋਗ ਹੋ ਸਕਦੇ ਹਨ। ਇਹ ਕਮਿਸ਼ਨ ਰਾਜ ਦੀ ਉਦਯੋਗਿਕ ਸੰਬੰਧ ਪ੍ਰਣਾਲੀ ਅਤੇ ਰਾਸ਼ਟਰੀ ਉਦਯੋਗਿਕ ਸੰਬੰਧ ਪ੍ਰਣਾਲੀ ਦੋਵਾਂ ਵਿਚਲੇ ਕਰਮਚਾਰੀਆਂ ਲਈ ਇਕਰਾਰਨਾਮੇ ਦੇ ਲਾਭ ਦੇ ਦਾਅਵਿਆਂ ਨਾਲ ਨਜਿੱਠ ਸਕਦਾ ਹੈ। ਜਾਣਕਾਰੀ ਲਈ ਇਸ ਕਮਿਸ਼ਨ ਦੀ ਵੈੱਬਸਾਈਟ (www.wairc.wa.gov.au) 'ਤੇ ਜਾਓ।

ਜੇਕਰ ਤੁਸੀਂ ਇਸ ਬਾਰੇ ਨਿਸ਼ਚਿਤ ਨਹੀਂ ਹੋ ਕਿ ਤੁਹਾਡਾ ਰੁਜ਼ਗਾਰਦਾਤਾ ਜਾਂ ਸਾਬਕਾ ਰੁਜ਼ਗਾਰਦਾਤਾ ਰਾਜ ਪ੍ਰਣਾਲੀ ਜਾਂ ਰਾਸ਼ਟਰੀ ਪ੍ਰਣਾਲੀ ਅਧੀਨ ਆਉਂਦਾ ਹੈ, ਤਾਂ ਅਸੀਂ ਤੁਹਾਨੂੰ 1300 655 266 'ਤੇ Wageline ਨਾਲ ਸੰਪਰਕ ਕਰਨ ਦਾ ਸੁਝਾਅ ਦਿੰਦੇ ਹਾਂ। Wageline ਕਾਰੋਬਾਰ ਦੀ ਖੋਜ ਕਰੇਗੀ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਸੰਕੇਤ ਦੇ ਸਕਦੀ ਹੈ ਕਿ ਉਨ੍ਹਾਂ 'ਤੇ ਕਿਹੜੀ ਪ੍ਰਣਾਲੀ ਲਾਗੂ ਹੁੰਦੀ ਹੈ।

## ਕਦਮ 1 - ਆਪਣੀਆ ਹੱਕਦਾਰੀਆਂ ਦੀ ਦੀ ਜਾਂਚ ਕਰੋ

• ਜੇਕਰ ਤੁਸੀਂ ਰਾਜ ਦੇ ਤਨਖ਼ਾਹ ਪੁਰਸਕਾਰ ਅਧੀਨ ਆਉਂਦੇ ਹੋ, ਤਾਂ WA ਤਨਖ਼ਾਹ ਪੁਰਸਕਾਰ ਸੰਖੇਪ-ਸਾਰ (www.dmirs.wa.gov.au/awardsummaries) ਵੇਖੋ।
• ਜੇਕਰ ਤੁਸੀਂ ਕਿਸੇ ਤਨਖ਼ਾਹ ਪੁਰਸਕਾਰ ਅਧੀਨ ਨਹੀਂ ਹੋ, ਤਾਂ ਤਨਖ਼ਾਹ ਪੁਰਸਕਾਰ ਮੁਕਤ ਕਰਮਚਾਰੀਆਂ ਲਈ ਘੱਟੋ-ਘੱਟ ਤਨਖ਼ਾਹ ਅਤੇ ਸ਼ਰਤਾਂ ਵੇਖੋ। (www.dmirs.wa.gov.au/minimumpayrates)
• ਲੰਬੀ ਸੇਵਾ-ਕਾਲ ਛੁੱਟੀ ਲਈ ਲੰਬੀ ਸੇਵਾ-ਕਾਲ ਛੁੱਟੀ ਕੈਲਕੁਲੇਟਰ (www.dmirs.wa.gov.au/lslcalculator) ਨੂੰ ਵੇਖੋ।
• ਸਾਲਾਨਾ ਛੁੱਟੀ ਦੇ ਹੱਕਾਂ ਲਈ ਸਾਲਾਨਾ ਛੁੱਟੀ ਗਣਨਾ ਗਾਈਡ (www.dmirs.wa.gov.au/annual-leave-calculation-guide) ਵੇਖੋ।
ਜੇਕਰ ਤੁਸੀਂ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ ਹੋ, ਤਾਂ Wageline ਨੂੰ 1300 655 266 'ਤੇ ਫ਼ੋਨ ਕਰੋ।

## ਕਦਮ 2 - ਆਪਣੇ ਰੁਜ਼ਗਾਰਦਾਤਾ ਨਾਲ ਗੱਲ ਕਰੋ

ਤੁਹਾਨੂੰ ਪਹਿਲਾਂ ਇਹ ਵੇਖਣ ਲਈ ਆਪਣੇ ਰੁਜ਼ਗਾਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਕੀ ਤੁਸੀਂ ਇਸ ਮੁੱਦੇ ਨੂੰ ਹੱਲ ਕਰ ਸਕਦੇ ਹੋ। ਅਜਿਹਾ ਕਰਦੇ ਸਮੇਂ, ਤੁਸੀਂ ਆਪਣੇ ਰੁਜ਼ਗਾਰਦਾਤਾ ਨੂੰ ਸੂਚਿਤ ਕਰ ਸਕਦੇ ਹੋ ਕਿ ਤੁਸੀਂ Wageline ਨਾਲ ਗੱਲ ਕੀਤੀ ਹੈ ਅਤੇ ਉਨ੍ਹਾਂ ਨੂੰ ਦੱਸ ਸਕਦੇ ਹੋ ਕਿ Wageline ਨੇ ਤੁਹਾਨੂੰ ਤੁਹਾਡੀਆਂ ਹੱਕਦਾਰੀਆਂ ਬਾਰੇ ਕਿਹੜੀ ਜਾਣਕਾਰੀ ਦਿੱਤੀ ਹੈ।

## ਕਦਮ 3 - ਆਪਣੇ ਰੁਜ਼ਗਾਰਦਾਤਾ ਨੂੰ ਲਿਖਤੀ ਰੂਪ ਵਿੱਚ ਆਪਣਾ ਦਾਅਵਾ ਪੇਸ਼ ਕਰੋ

ਆਪਣੇ ਰੁਜ਼ਗਾਰਦਾਤਾ ਨਾਲ ਗੱਲ ਕਰਨ ਦੇ ਨਾਲ-ਨਾਲ, ਤੁਹਾਨੂੰ ਆਪਣੀਆਂ ਚਿੰਤਾਵਾਂ ਬਾਰੇ ਆਪਣੇ ਰੁਜ਼ਗਾਰਦਾਤਾ ਨੂੰ ਲਿਖਤੀ ਰੂਪ ਵਿੱਚ ਦੱਸਣਾ ਚਾਹੀਦਾ ਹੈ। ਤੁਹਾਡੀ ਸਹਾਇਤਾ ਲਈ ਇੱਕ ਨਮੂਨਾ ਪੱਤਰ ਉਪਲਬਧ ਹੈ - ਇਸ ਪੱਤਰ ਨੂੰ ਤੁਹਾਡੇ ਦਾਅਵੇ ਦੀ ਕਿਸਮ ਦੇ ਆਧਾਰ 'ਤੇ ਬਦਲਿਆ ਜਾ ਸਕਦਾ ਹੈ।

ਤੁਹਾਡੇ ਪੱਤਰ ਵਿੱਚ ਇਸ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਕਿ ਤੁਸੀਂ ਕਿਵੇਂ ਮੰਨਦੇ ਹੋ ਕਿ ਤੁਹਾਨੂੰ ਤੁਹਾਡੀਆਂ ਸਹੀ ਹੱਕਦਾਰੀਆਂ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ। ਇੱਕ ਚਿੱਠੀ ਜਿਸ ਵਿੱਚ ਭਾਵਨਾਤਮਕ ਭਾਸ਼ਾ ਤੋਂ ਬਗ਼ੈਰ ਤੱਥ ਸ਼ਾਮਲ ਹੁੰਦੇ ਹਨ, ਉਸ ਵਿੱਚ ਮਾਮਲੇ ਨੂੰ ਸੁਲਝਾਉਣ ਵਿੱਚ ਮੱਦਦ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

ਤੁਸੀਂ ਆਪਣੇ ਦਾਅਵੇ ਦਾ ਸਮਰਥਨ ਕਰਨ ਲਈ ਰੁਜ਼ਗਾਰਦਾਤਾ ਨੂੰ ਜਾਣਕਾਰੀ ਵੀ ਪ੍ਰਦਾਨ ਕਰ ਸਕਦੇ ਹੋ ਜਿਵੇਂ ਕਿ ਵੇਜਲਾਈਨ WA ਤਨਖ਼ਾਹ ਪੁਰਸਕਾਰ ਦੇ ਸੰਖੇਪ-ਸਾਰ ਦੀ ਕਾਪੀ।

ਤੁਹਾਨੂੰ ਇੱਕ ਉਚਿਤ ਸਮਾਂ-ਸੀਮਾ ਨਿਰਧਾਰਤ ਕਰਨੀ ਚਾਹੀਦੀ ਹੈ ਜਿਸ ਵਿੱਚ ਤੁਸੀਂ ਜਵਾਬ ਪ੍ਰਾਪਤ ਕਰਨਾ ਚਾਹੁੰਦੇ ਹੋ - ਉਦਾਹਰਨ ਲਈ 14 ਦਿਨ।

ਤੁਸੀਂ ਆਪਣਾ ਪੱਤਰ ਈਮੇਲ ਕਰਨਾ ਚਾਹ ਸਕਦੇ ਹੋ, ਜਾਂ ਡਾਕ ਰਾਹੀਂ ਜਾਂ ਰਜਿਸਟਰਡ ਡਾਕ ਰਾਹੀਂ ਭੇਜ ਸਕਦੇ ਹੋ।

ਜੇਕਰ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਂਦਾ ਹੈ ਤਾਂ ਤੁਹਾਨੂੰ ਉਸ ਪੱਤਰ ਦੀ ਇੱਕ ਕਾਪੀ ਅਤੇ ਡਿਲੀਵਰੀ ਰਸੀਦ ਆਪਣੇ ਕੋਲ ਰੱਖਣ ਦੀ ਲੋੜ ਹੋਵੇਗੀ। ਜੇਕਰ ਤੁਸੀਂ ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਨੂੰ ਰਸਮੀ ਸ਼ਿਕਾਇਤ ਕਰਦੇ ਹੋ (ਪੜਾਅ 4 ਦੇਖੋ) ਤਾਂ ਤੁਹਾਨੂੰ ਉਨ੍ਹਾਂ ਨੂੰ ਉਸ ਪੱਤਰ ਦੀ ਇੱਕ ਕਾਪੀ ਦੇਣ ਦੀ ਲੋੜ ਹੋਵੇਗੀ ਜੋ ਤੁਸੀਂ ਆਪਣੇ ਰੁਜ਼ਗਾਰਦਾਤਾ ਨੂੰ ਭੇਜੀ ਸੀ ਅਤੇ ਇੱਕ ਰਸਮੀ ਸ਼ਿਕਾਇਤ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਪ੍ਰਾਪਤ ਹੋਏ ਕਿਸੇ ਵੀ ਜਵਾਬ ਨੂੰ ਦੇਣ ਦੀ ਲੋੜ ਹੋਵੇਗੀ।

## ਕਦਮ 4 - ਰਸਮੀ ਸ਼ਿਕਾਇਤ ਕਰਨਾ

ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਨੂੰ ਘੱਟ ਅਦਾਇਗੀ ਕੀਤੀਆਂ ਤਨਖ਼ਾਹਾਂ ਜਾਂ ਹੱਕਦਾਰੀਆਂ ਬਾਰੇ ਸ਼ਿਕਾਇਤ ਕਰਨ ਤੋਂ ਪਹਿਲਾਂ, ਤੁਹਾਨੂੰ ਆਪਣੇ ਰੁਜ਼ਗਾਰਦਾਤਾ ਨਾਲ ਇਸ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ (ਕਦਮ 2 ਅਤੇ 3 ਦੇਖੋ)।

ਜੇਕਰ ਤੁਸੀਂ ਖੁਦ ਇਸ ਮੁੱਦੇ ਨੂੰ ਹੱਲ ਕਰਨ ਵਿੱਚ ਅਸਮਰੱਥ ਹੋ, ਤਾਂ ਤੁਸੀਂ ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਨੂੰ ਰਸਮੀ ਸ਼ਿਕਾਇਤ ਕਰ ਸਕਦੇ ਹੋ।

ਇਹ ਯਕੀਨੀ ਬਣਾਓ ਕਰੋ ਕਿ ਤੁਹਾਡੇ ਕੋਲ ਆਪਣੇ ਰੁਜ਼ਗਾਰਦਾਤਾ ਬਾਰੇ ਤੁਹਾਡੀ ਸਾਰੀ ਜਾਣਕਾਰੀ (ਜਿਵੇਂ ਕਿ ਵਪਾਰਕ ਨਾਮ, ABN ਅਤੇ ਸੰਪਰਕ ਨਾਮ) ਅਤੇ ਸਹਾਇਕ ਦਸਤਾਵੇਜ਼ (ਜਿਵੇਂ ਕਿ ਚਿੱਠੀਆਂ, ਈਮੇਲਾਂ, ਟੈਕਸਟ ਸੁਨੇਹਿਆਂ, ਜਾਂ ਪੇਸਲਿਪਸ ਦੀਆਂ ਕਾਪੀਆਂ) ਹਨ ਕਿਉਂਕਿ ਇੱਕ ਵਾਰ ਜਦੋਂ ਤੁਸੀਂ ਔਨਲਾਈਨ ਫਾਰਮ ਵਿੱਚ ਜਾਣਕਾਰੀ ਭਰਨਾ ਸ਼ੁਰੂ ਕਰਦੇ ਹੋ, ਤਾਂ ਤੁਹਾਨੂੰ ਫਾਰਮ ਨੂੰ ਭਰਨ ਅਤੇ ਜਮ੍ਹਾਂ ਕਰਾਉਣ ਦੀ ਲੋੜ ਹੋਵੇਗੀ ਜਾਂ ਇਸਨੂੰ ਦੁਬਾਰਾ ਤੋਂ ਭਰਨਾ ਸ਼ੁਰੂ ਕਰਨ ਦੀ ਲੋੜ ਹੋਵੇਗੀ।.

ਜੇਕਰ ਤੁਹਾਨੂੰ ਉਸ ਰਕਮ ਦੀ ਗਣਨਾ ਕਰਨ ਵਿੱਚ ਵਾਧੂ ਸਹਾਇਤਾ ਦੀ ਲੋੜ ਹੈ ਜਿਸਦਾ ਤੁਸੀਂ ਦਾਅਵਾ ਕਰ ਰਹੇ ਹੋ ਕਿ ਤੁਹਾਨੂੰ ਘੱਟ ਭੁਗਤਾਨ ਕੀਤਾ ਗਿਆ ਹੈ, ਤਾਂ ਕਿਰਪਾ ਕਰਕੇ WA ਲੰਬੀ ਸੇਵਾ-ਕਾਲ ਛੁੱਟੀ ਕੈਲਕੁਲੇਟਰ (www.dmirs.wa.gov.au/lslcalculator), ਸਾਲਾਨਾ ਛੁੱਟੀ ਗਣਨਾ ਗਾਈਡ (www.dmirs.wa.gov.au/annual-leave-calculation-guide), ਸੰਬੰਧਿਤ WA ਤਨਖ਼ਾਹ ਪੁਰਸਕਾਰ ਸੰਖੇਪ-ਸਾਰ (www.dmirs.wa.gov.au/awardsummaries) ਜਾਂ ਤਨਖ਼ਾਹ ਪੁਰਸਕਾਰ ਮੁਕਤ ਕਰਮਚਾਰੀਆਂ ਲਈ ਘੱਟੋ-ਘੱਟ ਤਨਖ਼ਾਹ ਦਰਾਂ (www.dmirs.wa.gov.au/minimumpayrates) 'ਤੇ ਜਾਓ।

ਜੇਕਰ ਤੁਹਾਡੇ ਕੋਲ ਤੁਹਾਡੀ ਸਾਰੀ ਜਾਣਕਾਰੀ ਹੈ ਅਤੇ ਤੁਸੀਂ ਤਿਆਰ ਹੋ, ਤਾਂ ਤੁਸੀਂ 'ਔਨਲਾਈਨ ਵੇਤਨ ਜਾਂ ਰੁਜ਼ਗਾਰ ਹੱਕਦਾਰੀਆਂ ਦੇ ਘੱਟ ਭੁਗਤਾਨ ਬਾਰੇ ਸ਼ਿਕਾਇਤ ਫਾਰਮ' ਨੂੰ ਭਰ ਕੇ ਸ਼ਿਕਾਇਤ ਕਰ ਸਕਦੇ ਹੋ।

## ਕਦਮ 5 - ਸੁਲ੍ਹਾ-ਸਫ਼ਾਈ

ਤੁਹਾਡਾ ਸ਼ਿਕਾਇਤ ਫਾਰਮ ਮਿਲਣ ਤੋਂ ਬਾਅਦ, ਅਸੀਂ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਾਂਗੇ। ਤੁਹਾਡੀ ਸ਼ਿਕਾਇਤ ਲਈ ਇੱਕ ਸਮਝੌਤਾ ਅਧਿਕਾਰੀ ਨਿਯੁਕਤ ਕੀਤਾ ਜਾਵੇਗਾ, ਅਤੇ ਉਹ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਲਈ ਤੁਹਾਡੇ ਅਤੇ ਰੁਜ਼ਗਾਰਦਾਤਾ ਨਾਲ ਕੰਮ ਕਰੇਗਾ। ਜਦੋਂ ਸਮਝੌਤਾ ਅਧਿਕਾਰੀ ਅਧਿਕਾਰੀ ਤੁਹਾਡੇ ਨਾਲ ਪਹਿਲੀ ਵਾਰ ਸੰਪਰਕ ਕਰਦਾ ਹੈ ਤਾਂ ਉਦੋਂ ਤੋਂ ਲੈ ਕੇ ਸੁਲ੍ਹਾ-ਸਫ਼ਾਈ ਦੀ ਇਹ ਪ੍ਰਕਿਰਿਆ ਆਮ ਤੌਰ 'ਤੇ ਲਗਭਗ 21 ਦਿਨ ਦਾ ਸਮਾਂ ਲੈਂਦੀ ਹੈ।

## ਕਦਮ 6 - ਰਸਮੀ ਜਾਂਚ-ਪੜਤਾਲ

ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਡਿਵੀਜ਼ਨ ਦੀ ਕਾਨੂੰਨ ਪਾਲਣਾ ਅਤੇ ਲਾਗੂ ਕਰਵਾਉਣ ਦੀ ਨੀਤੀ (Private Sector Labour Relations Division Compliance and Enforcement Policy) ਦੇ ਅਨੁਸਾਰ, ਜੇਕਰ ਤੁਹਾਡੀ ਸ਼ਿਕਾਇਤ ਨੂੰ ਸੁਲ੍ਹਾ-ਸਫ਼ਾਈ ਪ੍ਰਕਿਰਿਆ ਦੁਆਰਾ ਹੱਲ ਨਹੀਂ ਕੀਤਾ ਜਾਂਦਾ ਹੈ, ਤਾਂ ਤੁਹਾਡੀ ਸ਼ਿਕਾਇਤ ਨੂੰ ਰਸਮੀ ਜਾਂਚ ਲਈ ਇੱਕ ਉਦਯੋਗਿਕ ਇੰਸਪੈਕਟਰ ਨੂੰ ਅਲਾਟ ਕੀਤਾ ਜਾ ਸਕਦਾ ਹੈ।

ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਇਸ ਨੂੰ ਮਿਲਣ ਵਾਲੀ ਹਰ ਸ਼ਿਕਾਇਤ ਦੀ ਰਸਮੀ ਤੌਰ 'ਤੇ ਜਾਂਚ-ਪੜਤਾਲ ਨਹੀਂ ਕਰਦਾ ਹੈ, ਅਤੇ ਇਹ ਫ਼ੈਸਲਾ ਕਰਨ ਵਿੱਚ ਆਪਣੇ ਵਿਵੇਕ ਦੀ ਵਰਤੋਂ ਕਰਦਾ ਹੈ ਕਿ ਕਿਹੜੇ ਮਾਮਲਿਆਂ ਦੀ ਜਾਂਚ ਕਰਨੀ ਹੈ। ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਨੇ ਇਹ ਤੈਅ ਕਰਨ ਵਿੱਚ ਮੱਦਦ ਕਰਨ ਲਈ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਹਨ ਕਿ ਕੀ ਸ਼ਿਕਾਇਤ ਦੀ ਰਸਮੀ ਜਾਂਚ-ਪੜਤਾਲ ਕੀਤੀ ਜਾਵੇਗੀ ਜਾਂ ਨਹੀਂ। ਇਹ ਦਿਸ਼ਾ-ਨਿਰਦੇਸ਼ ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਡਿਵੀਜ਼ਨ ਦੀ ਕਾਨੂੰਨ ਪਾਲਣਾ ਅਤੇ ਲਾਗੂ ਕਰਵਾਉਣ ਦੀ ਨੀਤੀ (Private Sector Labour Relations Division Compliance and Enforcement Policy) ਵਿੱਚ ਨੱਥੀ ਇਕਾਈ A (Attachment A) ਵਿੱਚ ਨਿਰਧਾਰਤ ਕੀਤੇ ਗਏ ਹਨ।

ਜੇਕਰ ਤੁਹਾਡੀ ਸ਼ਿਕਾਇਤ ਰਸਮੀ ਜਾਂਚ-ਪੜਤਾਲ ਦੇ ਪੜਾਅ 'ਤੇ ਜਾਂਦੀ ਹੈ, ਤਾਂ ਤੁਹਾਡੇ ਕੇਸ ਲਈ ਇੱਕ ਉਦਯੋਗਿਕ ਇੰਸਪੈਕਟਰ ਨਿਰਧਾਰਤ ਕੀਤਾ ਜਾਵੇਗਾ। ਉਦਯੋਗਿਕ ਇੰਸਪੈਕਟਰ ਨਿਰਪੱਖ ਹੁੰਦਾ ਹੈ ਅਤੇ ਨਾ ਤਾਂ ਕਰਮਚਾਰੀਆਂ ਅਤੇ ਨਾ ਹੀ ਰੁਜ਼ਗਾਰਦਾਤਾਵਾਂ ਦੀ ਨੁਮਾਇੰਦਗੀ ਕਰਦਾ ਹੈ। ਉਹਨਾਂ ਦੀ ਭੂਮਿਕਾ ਰੁਜ਼ਗਾਰ ਕਾਨੂੰਨਾਂ ਦੀ ਹੋਈ ਸੰਭਾਵਿਤ ਉਲੰਘਣਾ ਦੀ ਜਾਂਚ ਕਰਨਾ ਹੈ।

ਰਸਮੀ ਜਾਂਚ-ਪੜਤਾਲ ਦੌਰਾਨ ਤੁਹਾਨੂੰ ਇਹ ਕਰਨ ਦੀ ਲੋੜ ਹੋਵੇਗੀ:

- ਵੇਤਨ ਜਾਂ ਰੁਜ਼ਗਾਰ ਹੱਕਦਾਰੀਆਂ ਦੇ ਕਥਿਤ ਘੱਟ ਭੁਗਤਾਨ ਬਾਰੇ ਤੁਹਾਡੇ ਕੋਲ ਜੋ ਵੀ ਸਬੂਤ ਹਨ ਉਨ੍ਹਾਂ ਨੂੰ ਪ੍ਰਦਾਨ ਕਰਨ ਦੀ। ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:
    - ਪੇਸਲਿਪਸ ਦੀਆਂ ਕਾਪੀਆਂ
    - ਭੁਗਤਾਨ ਸੰਖੇਪ-ਸਾਰ (ਗਰੁੱਪ ਸਰਟੀਫਿਕੇਟ)
    - ਬੈਂਕ ਸਟੇਟਮੈਂਟਾਂ ਜੋ ਤਨਖ਼ਾਹ ਭੁਗਤਾਨ ਨੂੰ ਦਰਸਾਉਂਦੀਆਂ ਹਨ
    - ਰੁਜ਼ਗਾਰ ਦਾ ਲਿਖਤੀ ਇਕਰਾਰਨਾਮਾ
    - ਟਾਈਮਸ਼ੀਟਾਂ
    - ਡਾਇਰੀ ਰਿਕਾਰਡ
- ਮਾਮਲੇ ਬਾਰੇ ਸੱਚੀ ਜਾਣਕਾਰੀ ਪ੍ਰਦਾਨ ਕਰਨ ਦੀ
- ਆਪਣੇ ਰੁਜ਼ਗਾਰ ਅਤੇ ਰੁਜ਼ਗਾਰਦਾਤਾ ਤੋਂ ਤੁਹਾਨੂੰ ਪ੍ਰਾਪਤ ਹੋਈਆਂ ਤਨਖ਼ਾਹਾਂ ਅਤੇ ਹੱਕਦਾਰੀਆਂ ਬਾਰੇ ਗਵਾਹੀ ਬਿਆਨ ਦੇਣ ਦੀ; ਅਤੇ
- ਤੁਹਾਡੇ ਕੇਸ ਦੀ ਜਾਂਚ ਕਰ ਰਹੇ ਉਦਯੋਗਿਕ ਇੰਸਪੈਕਟਰ ਨਾਲ ਸੰਪਰਕ ਵਿੱਚ ਰਹਿਣ ਦੀ ਅਤੇ ਉਹਨਾਂ ਨੂੰ ਕਿਸੇ ਵੀ ਤਬਦੀਲੀ ਬਾਰੇ ਸੂਚਿਤ ਕਰਨ ਦੀ, ਜਿਵੇਂ ਕਿ ਰੁਜ਼ਗਾਰਦਾਤਾ ਤੁਹਾਡੇ ਨਾਲ ਸਮੱਸਿਆ ਦਾ ਹੱਲ ਕਰ ਰਿਹਾ ਹੈ ਜਾਂ ਤੁਸੀਂ ਵੈਸਟਰਨ ਆਸਟ੍ਰੇਲੀਆ ਛੱਡ ਕੇ ਜਾ ਰਹੇ ਹੋ।

ਤੁਹਾਡਾ ਸ਼ਿਕਾਇਤ ਫਾਰਮ ਮਿਲਣ ਤੋਂ ਬਾਅਦ, ਅਸੀਂ ਮਾਮਲੇ ਨੂੰ ਸੁਲ੍ਹਾ-ਸਫ਼ਾਈ ਪ੍ਰਕਿਰਿਆ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਕਰਾਂਗੇ। ਤੁਹਾਡੀ ਸ਼ਿਕਾਇਤ ਲਈ ਇੱਕ ਸਮਝੌਤਾ ਅਧਿਕਾਰੀ ਨਿਯੁਕਤ ਕੀਤਾ ਜਾਵੇਗਾ, ਅਤੇ ਉਹ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਲਈ ਤੁਹਾਡੇ ਅਤੇ ਰੁਜ਼ਗਾਰਦਾਤਾ ਨਾਲ ਕੰਮ ਕਰੇਗਾ। ਜਦੋਂ ਸਮਝੌਤਾ ਅਧਿਕਾਰੀ ਅਧਿਕਾਰੀ ਤੁਹਾਡੇ ਨਾਲ ਪਹਿਲੀ ਵਾਰ ਸੰਪਰਕ ਕਰਦਾ ਹੈ ਤਾਂ ਉਦੋਂ ਤੋਂ ਲੈ ਕੇ ਸੁਲ੍ਹਾ-ਸਫ਼ਾਈ ਦੀ ਇਹ ਪ੍ਰਕਿਰਿਆ ਆਮ ਤੌਰ 'ਤੇ ਲਗਭਗ 21 ਦਿਨ ਦਾ ਸਮਾਂ ਲੈਂਦੀ ਹੈ।

## ਕਦਮ 7 - ਜਾਂਚ-ਪੜਤਾਲ ਦਾ ਸਿੱਟਾ

ਉਦਯੋਗਿਕ ਇੰਸਪੈਕਟਰ ਦੁਆਰਾ ਰਸਮੀ ਜਾਂਚ-ਪੜਤਾਲ ਪੂਰੀ ਕਰਨ ਤੋਂ ਬਾਅਦ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਇਸਦੇ ਨਤੀਜੇ ਬਾਰੇ ਦੱਸਿਆ ਜਾਵੇਗਾ। ਜੇਕਰ ਮਿਲੇ ਸਬੂਤ ਰੋਜ਼ਗਾਰ ਕਾਨੂੰਨ ਦੀ ਉਲੰਘਣਾ ਦਾ ਸਮਰਥਨ ਕਰਦੇ ਹਨ, ਤਾਂ ਅਸੀਂ ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਨੂੰ ਅਦਾਇਗੀ ਨਹੀਂ ਕੀਤੀਆਂ ਹੱਕਦਾਰੀਆਂ ਨੂੰ ਭੁਗਤਾਨ ਕਰਨ ਦੀ ਸਲਾਹ ਦੇਵਾਂਗੇ।

ਕਾਨੂੰਨ ਪਾਲਣਾ ਅਤੇ ਲਾਗੂ ਕਰਵਾਉਣ ਵਾਲੇ ਭਾਗ (www.dmirs.wa.gov.au/pslrcompliancetools) ਵਿੱਚ ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼ ਦੁਆਰਾ ਵਰਤੇ ਗਏ ਕਾਨੂੰਨ ਪਾਲਣਾ ਸਾਧਨਾਂ ਅਤੇ ਲਾਗੂ ਕਰਵਾਉਣ ਦੇ ਮਾਮਲਿਆਂ ਬਾਰੇ ਜਾਣਕਾਰੀ ਹੈ।

## ਕਦਮ 8 – ਉਦਯੋਗਿਕ ਮੈਜਿਸਟ੍ਰੇਟ ਅਦਾਲਤ

ਜੇਕਰ ਰੁਜ਼ਗਾਰ ਕਾਨੂੰਨ ਦੀ ਉਲੰਘਣਾ ਦੇ ਸਬੂਤ ਹਨ ਅਤੇ ਤੁਹਾਡਾ ਰੁਜ਼ਗਾਰਦਾਤਾ ਸਵੈ-ਇੱਛਾ ਨਾਲ ਇਸਦਾ ਹੱਲ ਨਹੀਂ ਕਰਦਾ ਹੈ, ਤਾਂ ਮਾਮਲੇ ਨੂੰ ਫ਼ੈਸਲੇ ਲਈ ਉਦਯੋਗਿਕ ਮੈਜਿਸਟ੍ਰੇਟ ਅਦਾਲਤ ਵਿੱਚ ਲਿਜਾਇਆ ਜਾ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਅਦਾਲਤ ਵਿੱਚ ਗਵਾਹੀ/ਸਬੂਤ ਦੇਣ ਦੀ ਲੋੜ ਹੋ ਸਕਦੀ ਹੈ।

ਕਾਨੂੰਨ ਲਾਗੂ ਕਰਵਾਉਣਾ ਮਾਮਲਿਆਂ ਦਾ ਪੰਨਾ (www.dmirs.wa.gov.au/pslrenforcementmatters) ਉਦਯੋਗਿਕ ਮੈਜਿਸਟ੍ਰੇਟ ਅਦਾਲਤ ਦੇ ਸਾਹਮਣੇ ਫ਼ੈਸਲੇ ਲਈ ਲਿਆਂਦੇ ਗਏ ਕਾਨੂੰਨ ਲਾਗੂ ਕਰਵਾਉਣ ਦੇ ਸਫ਼ਲ ਮਾਮਲਿਆਂ ਦੀ ਸੂਚੀ ਦਿੰਦਾ ਹੈ।

### *ਉਦਯੋਗਿਕ ਮੈਜਿਸਟ੍ਰੇਟ ਅਦਾਲਤ ਵਿੱਚ ਦਾਅਵਾ ਕਰਨਾ*

ਇਹ 'ਉਦਯੋਗਿਕ ਮੈਜਿਸਟ੍ਰੇਟ ਅਦਾਲਤ ਵਿੱਚ ਦਾਅਵਾ ਕਰਨਾ' - ਕਰਮਚਾਰੀਆਂ ਲਈ ਇੱਕ ਗਾਈਡ ਪ੍ਰਕਾਸ਼ਨ ਕਰਮਚਾਰੀਆਂ ਨੂੰ ਰਾਜ ਦੇ ਰੁਜ਼ਗਾਰ ਕਾਨੂੰਨਾਂ, WA ਤਨਖ਼ਾਹ ਪੁਰਸਕਾਰਾਂ ਅਤੇ ਰਾਜ ਉਦਯੋਗਿਕ ਸਮਝੌਤਿਆਂ ਦੇ ਅਧੀਨ ਭੁਗਤਾਨ ਨਾ ਕੀਤੇ ਗਏ ਹੱਕਾਂ ਲਈ ਉਦਯੋਗਿਕ ਮੈਜਿਸਟ੍ਰੇਟ ਅਦਾਲਤ ਵਿੱਚ ਆਪਣੇ-ਆਪ ਦਾਅਵਾ ਕਰਨ ਵਿੱਚ ਸਹਾਇਤਾ ਕਰਦੀ ਹੈ।

### *ਤਨਖ਼ਾਹ ਦੀ ਚੋਰੀ ਬਾਰੇ ਗੁੰਮਨਾਮ ਰਿਪੋਰਟ ਕਰੋ*

WA ਰਾਜ ਦੇ ਰੁਜ਼ਗਾਰ ਕਾਨੂੰਨਾਂ ਦੇ ਤਹਿਤ ਵੇਤਨ ਚੋਰੀ ਬਾਰੇ ਗੁੰਮਨਾਮ ਰਿਪੋਰਟ ਕਰਨ ਲਈ www.wagetheft.wa.gov.au 'ਤੇ 'ਤਨਖ਼ਾਹ ਚੋਰੀ ਬਾਰੇ ਗੁੰਮਨਾਮ ਰਿਪੋਰਟ ਫਾਰਮ' ਦੀ ਵਰਤੋਂ ਕਰੋ।

### *ਅਨੁਵਾਦ ਅਤੇ ਦੁਭਾਸ਼ੀਆ ਸੇਵਾ*

ਜੇ ਤੁਹਾਨੂੰ Wageline ਨੂੰ ਫ਼ੋਨ ਕਰਨ ਵੇਲੇ ਅਨੁਵਾਦ ਸੇਵਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 13 14 50 'ਤੇ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਦੀ ਵਰਤੋਂ ਕਰੋ।

### *ਨੈਸ਼ਨਲ ਰੀਲੇਅ ਸੇਵਾ*

ਨੈਸ਼ਨਲ ਰੀਲੇਅ ਸੇਵਾ ਉਹਨਾਂ ਲੋਕਾਂ ਦੀ Wageline ਨਾਲ ਸੰਪਰਕ ਕਰਨ ਵਿੱਚ ਮੱਦਦ ਕਰਦੀ ਹੈ ਜੋ ਬੋਲ਼ੇ ਹਨ, ਸੁਣਨ ਅਤੇ/ਜਾਂ ਬੋਲਣ ਸੰਬੰਧੀ ਕਮਜ਼ੋਰੀ ਹੈ। ਨੈਸ਼ਨਲ ਰੀਲੇਅ ਸਰਵਿਸ ਨੂੰ 13 36 77 'ਤੇ ਫ਼ੋਨ ਕਰੋ ਅਤੇ Wageline ਨੂੰ 1300 655 266 'ਤੇ ਫ਼ੋਨ ਕਰਨ ਲਈ ਕਹੋ, ਜਾਂ ਨੈਸ਼ਨਲ ਰੀਲੇਅ ਸਰਵਿਸ ਦੀ ਵੈੱਬਸਾਈਟ (www.relayservice.gov.au) 'ਤੇ ਜਾਓ।